# ਗੰਭੀਰ ਐਲਰਜਿਕ ਪ੍ਰਤੀਕ੍ਰਿਆ: ਐਨਾਫਲੈਕਸਿਸ

ਆਖਰੀ ਵਾਰੀ ਅੱਪਡੇਟ ਕੀਤਾ ਗਿਆ: **ਜਨਵਰੀ 2024**

ਇੱਕ ਐਲਰਜਿਕ ਪ੍ਰਤੀਕ੍ਰਿਆ ਉਦੋਂ ਵਾਪਰਦੀ ਹੈ ਜਦੋਂ ਇੱਕ ਵਿਅਕਤੀ ਦਾ ਇਮਿਊਨ ਸਿਸਟਮ ਇੱਕ ਪ੍ਰੋਟੀਨ (ਇੱਕ ਐਲਰਜੀ ਪੈਦਾ ਕਰਨ ਵਾਲੇ ਆਮ ਤੱਤ (ਐਲਰਜਨ)) ਨੂੰ ਨੁਕਸਾਨਦੇਹ ਮੰਨਦਾ ਹੈ। ਭੋਜਨ ਸੰਬੰਧੀ ਐਲਰਜੀਆਂ ਵਾਲੇ ਕੁਝ ਬੱਚਿਆਂ ਨੂੰ ਐਨਾਫਲੈਕਸਿਸ ਨਾਮਕ ਗੰਭੀਰ ਐਲਰਜਿਕ ਪ੍ਰਤੀਕ੍ਰਿਆ ਹੋਣ ਦਾ ਖ਼ਤਰਾ ਹੁੰਦਾ ਹੈ। ਇਹ ਅਕਸਰ ਤੇਜ਼ੀ ਨਾਲ ਵਾਪਰਦੀ ਹੈ ਅਤੇ ਜੇਕਰ ਇਲਾਜ ਨਾ ਕੀਤਾ ਜਾਵੇ ਤਾਂ ਮੌਤ ਹੋ ਸਕਦੀ ਹੈ।

## ਗੰਭੀਰ ਐਲਰਜਿਕ ਪ੍ਰਤੀਕ੍ਰਿਆ (ਐਨਾਫਲੈਕਸਿਸ) ਦੇ ਲੱਛਣ

ਗੰਭੀਰ ਐਲਰਜਿਕ ਪ੍ਰਤੀਕ੍ਰਿਆ ਦੇ ਲੱਛਣ ਖਾਣਾ ਖਾਣ ਜਾਂ ਐਲਰਜਨ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਮਿੰਟਾਂ ਵਿੱਚ ਸ਼ੁਰੂ ਹੋ ਸਕਦੇ ਹਨ। ਕੁਝ ਮਾਮਲਿਆਂ ਵਿੱਚ, ਪ੍ਰਤੀਕ੍ਰਿਆ ਸ਼ੁਰੂ ਹੋਣ ਵਿੱਚ ਕਈ ਘੰਟੇ ਲੱਗ ਸਕਦੇ ਹਨ। ਲੱਛਣ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਵਿੱਚ ਵੱਖੋ-ਵੱਖਰੇ ਹੋ ਸਕਦੇ ਹਨ ਅਤੇ ਹਰ ਵਾਰ ਗੰਭੀਰ ਐਲਰਜਿਕ ਪ੍ਰਤੀਕ੍ਰਿਆ ਹੋਣ 'ਤੇ ਵੱਖੋ-ਵੱਖਰੇ ਦਿਖਾਈ ਦੇ ਸਕਦੇ ਹਨ। ਲੱਛਣਾਂ ਵਿੱਚ ਆਮ ਤੌਰ 'ਤੇ ਹੇਠ ਲਿਖੀਆਂ ਸਰੀਰਕ ਪ੍ਰਣਾਲੀਆਂ ਵਿੱਚੋਂ 2 ਜਾਂ ਵੱਧ ਸ਼ਾਮਲ ਹੁੰਦੀਆਂ ਹਨ:

- **ਚਮੜੀ:** ਛਪਾਕੀ, ਸੋਜ (ਚਿਹਰਾ, ਬੁੱਲ੍ਹ, ਜੀਭ), ਖ਼ਾਰਸ਼, ਨਿੱਘ, ਲਾਲੀ, ਧੱਫੜ (ਰੈਸ਼)
- **ਸਾਹ ਸੰਬੰਧੀ (ਸਾਹ ਲੈਣਾ):** ਖੰਘ, ਘਰਰ-ਘਰਾਹਟ, ਸਾਹ ਚੜ੍ਹਨਾ, ਛਾਤੀ ਵਿੱਚ ਦਰਦ ਜਾਂ ਤੰਗੀ, ਗਲੇ ਵਿੱਚ ਜਕੜਨ, ਬੈਠੀ ਹੋਈ ਆਵਾਜ਼, ਨੱਕ ਬੰਦ ਹੋਣਾ ਜਾਂ ਹੇ-ਫੀਵਰ ਵਰਗੇ ਲੱਛਣ (ਵਗਦਾ, ਖਾਰਸ਼ ਵਾਲਾ ਨੱਕ ਅਤੇ ਅੱਖਾਂ ਵਿੱਚੋਂ ਪਾਣੀ ਆਉਣਾ, ਛਿੱਕਾਂ ਆਉਣਾ), ਨਿਗਲਣ ਵਿੱਚ ਮੁਸ਼ਕਲ
- **ਗੈਸਟਰੋਇੰਟੇਸਟੀਨਲ (ਪੇਟ):** ਮਤਲੀ, ਦਰਦ ਜਾਂ ਕੜਵੱਲ, ਉਲਟੀਆਂ, ਦਸਤ
- **ਕਾਰਡੀਓਵੈਸਕੁਲਰ (ਦਿਲ):** ਚਮੜੀ ਦਾ ਆਮ ਨਾਲੋਂ ਫਿੱਕਾ ਰੰਗ ਜਾਂ ਨੀਲਾ ਰੰਗ, ਕਮਜ਼ੋਰ ਨਬਜ਼, ਬੇਹੋਸ਼ ਹੋ ਜਾਣਾ, ਚੱਕਰ ਆਉਣਾ ਜਾਂ ਬੇਹੋਸ਼ ਹੋਣ ਵਰਗਾ ਮਹਿਸੂਸ ਕਰਨਾ, ਸਦਮਾ
- **ਹੋਰ:** ਚਿੰਤਾ, ਸਰਬਨਾਸ਼ ਦੀ ਭਾਵਨਾ (ਇਹ ਭਾਵਨਾ ਕਿ ਕੁਝ ਬੁਰਾ ਹੋਣ ਵਾਲਾ ਹੈ), ਸਿਰ ਦਰਦ, ਬੱਚੇਦਾਨੀ ਵਿੱਚ ਕੜਵੱਲ, ਧਾਤੂ ਵਰਗਾ ਸੁਆਦ

## ਗੰਭੀਰ ਐਲਰਜਿਕ ਪ੍ਰਤੀਕ੍ਰਿਆ ਲਈ ਕਾਰਵਾਈ ਕਰਨਾ

ਕਿਉਂਕਿ ਇਸ ਕਿਸਮ ਦੀ ਐਲਰਜਿਕ ਪ੍ਰਤੀਕ੍ਰਿਆ ਜਾਨਲੇਵਾ ਹੋ ਸਕਦੀ ਹੈ, ਤੁਰੰਤ ਕਾਰਵਾਈ ਕਰਨਾ ਅਤੇ ਇਹਨਾਂ ਐਮਰਜੈਂਸੀ ਕਦਮਾਂ ਦੀ ਪਾਲਣਾ ਕਰਨਾ ਮਹੱਤਵਪੂਰਨ ਹੈ:

1. ਕਿਸੇ ਜਾਣੀ-ਪਛਾਣੀ ਜਾਂ ਸੰਦਿਗਧ ਗੰਭੀਰ ਐਲਰਜਿਕ ਪ੍ਰਤੀਕ੍ਰਿਆ ਦੇ ਪਹਿਲੇ ਸੰਕੇਤ 'ਤੇ **ਏਪੀਨੇਫ੍ਰਿਨ ਆਟੋ-ਇੰਜੈਕਟਰ** (ਉਦਾਹਰਨ ਲਈ, EpiPen® ਜਾਂ Allerject™) **ਦਿਓ**
2. **9-1-1** ਜਾਂ ਆਪਣੀ ਸਥਾਨਕ ਐਮਰਜੈਂਸੀ ਸੇਵਾ ਨੂੰ **ਫੋਨ ਕਰੋ**। ਉਹਨਾਂ ਨੂੰ ਦੱਸੋ ਕਿ ਕਿਸੇ ਨੂੰ ਗੰਭੀਰ ਐਲਰਜਿਕ ਪ੍ਰਤੀਕ੍ਰਿਆ ਹੋ ਰਹੀ ਹੈ
3. ਜੇਕਰ ਉਹਨਾਂ ਦੇ ਲੱਛਣਾਂ ਵਿੱਚ ਕੋਈ ਸੁਧਾਰ ਨਹੀਂ ਹੁੰਦਾ ਹੈ ਪਹਿਲੀ ਖੁਰਾਕ ਤੋਂ 5 ਮਿੰਟ ਬਾਅਦ **ਏਪੀਨੇਫ੍ਰਿਨ ਦੀ ਦੂਜੀ ਖੁਰਾਕ ਦਿਓ**
4. **ਤੁਰੰਤ ਨਜ਼ਦੀਕੀ ਹਸਪਤਾਲ ਜਾਓ** (ਜੇ ਸੰਭਵ ਹੋਵੇ ਤਾਂ ਐਂਬੂਲੈਂਸ ਰਾਹੀਂ) ਭਾਵੇਂ ਲੱਛਣ ਹਲਕੇ ਹੋਣ ਜਾਂ ਰੁਕ ਗਏ ਹੋਣ। ਸਹੀ ਇਲਾਜ ਤੋਂ ਬਾਅਦ ਵੀ ਪ੍ਰਤੀਕ੍ਰਿਆ ਵਿਗੜ ਸਕਦੀ ਹੈ ਜਾਂ ਵਾਪਸ ਆ ਸਕਦੀ ਹੈ। ਜਿੰਨੀ ਦੇਰ ਤੱਕ ਡਾਕਟਰ ਸੁਝਾਅ ਦਿੰਦਾ ਹੈ (ਆਮ ਤੌਰ 'ਤੇ ਲਗਭਗ 4 ਤੋਂ 6 ਘੰਟੇ), ਓਨੀ ਦੇਰ ਤੱਕ ਨਿਗਰਾਨੀ ਲਈ ਹਸਪਤਾਲ ਵਿੱਚ ਰਹੋ

5. **ਐਮਰਜੈਂਸੀ ਸੰਪਰਕ ਵਿਅਕਤੀ ਨੂੰ ਫੋਨ ਕਰੋ** (ਉਦਾਹਰਨ ਲਈ, ਮਾਤਾ ਜਾਂ ਪਿਤਾ ਜਾਂ ਸਰਪ੍ਰਸਤ)

## EpiPen® ਬਾਰੇ ਹੋਰ ਜਰੂਰੀ ਜਾਣਕਾਰੀ

1. EpiPen® ਉਤਪਾਦਾਂ ਦੀ ਮਿਆਦ ਉਤਪਾਦ ਪੈਕੇਜਿੰਗ 'ਤੇ ਦਰਸਾਏ ਮਹੀਨੇ ਦੇ ਆਖਰੀ ਦਿਨ ਖਤਮ ਹੋ ਜਾਂਦੀ ਹੈ। ਉਦਾਹਰਨ ਲਈ, ਜੇਕਰ ਉਤਪਾਦ ਨੂੰ ਜਨਵਰੀ ਵਿੱਚ ਮਿਆਦ ਪੁੱਗਣ ਵਜੋਂ ਚਿੰਨ੍ਹਿਤ ਕੀਤਾ ਗਿਆ ਹੈ, ਤਾਂ ਇਹ 31 ਜਨਵਰੀ ਤੱਕ ਵੈਧ (ਮਿਆਦ ਸਮਾਪਤ ਨਹੀਂ) ਰਹਿੰਦਾ ਹੈ
2. ਤੁਹਾਨੂੰ ਸਿਰਫ਼ ਮਿਆਦ ਪੁੱਗ ਚੁੱਕੇ ਆਟੋ-ਇੰਜੈਕਟਰ ਹੋਣ ਤੋਂ ਬਚਣ ਲਈ ਵੱਖ-ਵੱਖ ਮਿਆਦ ਪੁੱਗਣ ਦੀਆਂ ਤਾਰੀਖਾਂ ਵਾਲੇ ਇੱਕ ਤੋਂ ਵੱਧ ਆਟੋ-ਇੰਜੈਕਟਰ ਰੱਖਣ ਦੀ ਸਲਾਹ ਦਿੱਤੀ ਜਾਂਦੀ ਹੈ
3. ਜੇਕਰ ਤੁਸੀਂ ਐਨਾਫਲੈਕਟਿਕ ਪ੍ਰਤੀਕ੍ਰਿਆ ਦਾ ਅਨੁਭਵ ਕਰ ਰਹੇ ਹੋ ਅਤੇ ਤੁਹਾਡੇ ਕੋਲ ਸਿਰਫ ਮਿਆਦ ਪੁੱਗ ਚੁੱਕਾ ਆਟੋ-ਇੰਜੈਕਟਰ ਹੈ, ਤਾਂ ਮਿਆਦ ਪੁੱਗ ਚੁੱਕੇ ਉਤਪਾਦ ਦੀ ਵਰਤੋਂ ਕਰੋ ਅਤੇ ਤੁਰੰਤ **9-1-1** ਨਾਲ ਸੰਪਰਕ ਕਰੋ
4. ਭਾਵੇਂ ਉਤਪਾਦ ਦੀ ਮਿਆਦ ਪੁੱਗ ਗਈ ਹੈ ਜਾਂ ਨਹੀਂ, ਉਤਪਾਦ ਦੀ ਵਰਤੋਂ ਕਰਨ ਤੋਂ ਬਾਅਦ ਜਿੰਨੀ ਜਲਦੀ ਹੋ ਸਕੇ ਨਜ਼ਦੀਕੀ ਹਸਪਤਾਲ ਵਿੱਚ ਜਾਓ, ਜਿਵੇਂ ਕਿ ਉਤਪਾਦ ਲੇਬਲਿੰਗ ਵਿੱਚ ਨਿਰਦੇਸ਼ ਦਿੱਤੇ ਗਏ ਹਨ

## ਭੋਜਨ ਸੰਬੰਧੀ ਐਲਰਜੀਆਂ ਦਾ ਪ੍ਰਬੰਧਨ

ਭੋਜਨ ਬਹੁਤ ਸਾਰੇ ਲੋਕਾਂ ਲਈ ਐਲਰਜਨ ਹੋ ਸਕਦਾ ਹੈ। ਭਾਵੇਂ ਤੁਹਾਨੂੰ ਜਾਂ ਤੁਹਾਡੀ ਦੇਖਭਾਲ ਵਿੱਚ ਕਿਸੇ ਵਿਅਕਤੀ ਨੂੰ ਭੋਜਨ ਸੰਬੰਧੀ ਐਲਰਜੀ ਹੈ, ਭੋਜਨਾਂ ਦੀ ਚੋਣ ਕਰਨਾ ਚੁਣੌਤੀਪੂਰਨ ਹੋ ਸਕਦਾ ਹੈ। ਭੋਜਨ ਸੰਬੰਧੀ ਐਲਰਜੀਆਂ ਦੇ ਪ੍ਰਬੰਧਨ ਬਾਰੇ ਹੋਰ ਜਾਣੋ।

ਸਾਡੀਆਂ ਹੈਲਥਲਿੰਕਬੀਸੀ ਫਾਈਲਾਂ ਬੱਚਿਆਂ ਅਤੇ ਕਿਸ਼ੋਰਾਂ ਵਿੱਚ ਭੋਜਨ ਸੰਬੰਧੀ ਗੰਭੀਰ ਐਲਰਜੀਆਂ ਨੂੰ ਪਛਾਣਨ ਅਤੇ ਉਨ੍ਹਾਂ ਪ੍ਰਤੀ ਪ੍ਰਤੀਕਿਰਿਆ ਕਰਨ ਬਾਰੇ ਜਾਣਕਾਰੀ ਪ੍ਰਦਾਨ ਕਰਦੀਆਂ ਹਨ। ਤੁਹਾਨੂੰ ਤੁਹਾਡੇ ਬੱਚੇ ਨੂੰ ਸੁਰੱਖਿਅਤ ਰਹਿਣ ਵਿੱਚ ਮਦਦ ਕਿਵੇਂ ਕਰਨੀ ਹੈ ਬਾਰੇ ਸੁਝਾਅ ਵੀ ਮਿਲਣਗੇ:

- HealthLink BC File #100a ਖਾਣੇ ਪ੍ਰਤੀ ਹੋਣ ਵਾਲੀਆਂ ਗੰਭੀਰ ਐਲਰਜਿਕ ਪ੍ਰਤੀਕ੍ਰਿਆਵਾਂ: ਬੱਚੇ ਅਤੇ ਕਿਸ਼ੋਰ
- HealthLinkBC File #100c ਬੱਚਿਆਂ ਦੀ ਦੇਖਭਾਲ ਲਈ ਐਲਰਜੀ ਤੋਂ ਸੁਰੱਖਿਅਤ ਸੁਵਿਧਾਵਾਂ

ਬੱਚੇ ਦੇ ਭੋਜਨ ਤੋਂ ਐਲਰਜੀ ਹੋਣ ਦੇ ਜੋਖਮ ਨੂੰ ਘਟਾਉਣ ਲਈ ਜਾਣਕਾਰੀ ਅਤੇ ਸਾਧਨਾਂ ਲਈ, ਵੇਖੋ:

- ਤੁਹਾਡੇ ਬੱਚੇ ਵਿੱਚ ਭੋਜਨ ਸੰਬੰਧੀ ਐਲਰਜੀ ਦੇ ਜੋਖਮ ਨੂੰ ਘਟਾਉਣਾ

ਭੋਜਨ ਦੀਆਂ ਐਲਰਜੀਆਂ ਅਤੇ ਦੇਖਭਾਲ ਸਹੂਲਤਾਂ ਵਿੱਚ ਰਹਿ ਰਹੇ ਬਾਲਗਾਂ ਬਾਰੇ ਜਾਣਕਾਰੀ ਲਈ, ਵੇਖੋ:

- HealthLinkBC File #100b ਬਾਲਗਾਂ ਦੀ ਦੇਖਭਾਲ ਲਈ ਐਲਰਜੀ ਤੋਂ ਸੁਰੱਖਿਅਤ ਸੁਵਿਧਾਵਾਂ

## ਉਪਯੋਗੀ ਵੈੱਬਸਾਈਟਾਂ

### ਬੀ.ਸੀ. ਸਰਕਾਰ

ਬੀ.ਸੀ. ਸਰਕਾਰ ਸਕੂਲਾਂ ਵਿੱਚ ਗੰਭੀਰ ਐਲਰਜਿਕ ਪ੍ਰਤੀਕ੍ਰਿਆਵਾਂ ਲਈ ਸੁਰੱਖਿਆ ਯੋਜਨਾ ਦੇ ਸਾਧਨ ਪ੍ਰਦਾਨ ਕਰਦੀ ਹੈ। ਸਕੂਲਾਂ ਵਿੱਚ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ, ਨੀਤੀਆਂ ਬਣਾਉਣ ਅਤੇ ਸੁਰੱਖਿਆ ਯੋਜਨਾਵਾਂ ਬਣਾਉਣ ਬਾਰੇ ਜਾਣੋ।

- ਐਨਾਫਲੈਕਸਿਸ

### ਫੂਡ ਐਲਰਜੀ ਕੈਨੇਡਾ

ਫੂਡ ਐਲਰਜੀ ਕੈਨੇਡ, ਭੋਜਨ ਸੰਬੰਧੀ ਐਲਰਜੀ ਨਾਲ ਰਹਿ ਰਹੇ ਲੋਕਾਂ ਦੀਆਂ ਲੋੜਾਂ ਲਈ ਸਿੱਖਿਆ, ਸਮਰਥਨ ਅਤੇ ਹਿਮਾਇਤ ਕਰਦਾ ਹੈ। ਉਹ ਖੋਜ ਵਿੱਚ ਸਹਾਇਤਾ ਕਰਦੇ ਹਨ ਅਤੇ ਉਸ ਵਿੱਚ ਹਿੱਸਾ ਵੀ ਲੈਂਦੇ ਹਨ। ਭੋਜਨ ਸੰਬੰਧੀ ਐਲਰਜੀ ਅਤੇ ਐਨਾਫਲੈਕਸਿਸ ਬਾਰੇ ਹੋਰ ਜਾਣੋ:

- ਐਲਰਜੀ ਅਵੇਅਰ

- ਫੂਡ ਐਲਰਜੀ ਕੈਨੇਡਾ: ਐਨਾਫਲੈਕਸਿਸ ਸਾਧਨ
- ਫੂਡ ਐਲਰਜੀ ਕੈਨੇਡਾ: ਐਨਾਫਲੈਕਸਿਸ ਐਮਰਜੈਂਸੀ ਯੋਜਨਾ
- ਫੂਡ ਐਲਰਜੀ ਕੈਨੇਡਾ: ਐਮਰਜੈਂਸੀ ਜਾਣਕਾਰੀ
- ਫੂਡ ਐਲਰਜੀ ਕੈਨੇਡਾ: ਇੱਕ ਨਵੀਂ ਹਕੀਕਤ: ਭੋਜਨ ਐਲਰਜੀ ਨਾਲ ਨਿਦਾਨ ਕੀਤਾ ਗਿਆ ਹੈ
- ਥਿੰਕ F.A.S.T. ਪੋਸਟਰ

**ਹੈਲਥ ਕੈਨੇਡਾ, ਕੈਨੇਡਾ ਸਰਕਾਰ**

ਹੈਲਥ ਕੈਨੇਡਾ ਐਲਰਜਿਕ ਪ੍ਰਤੀਕ੍ਰਿਆਵਾਂ ਤੋਂ ਬਚਣ ਅਤੇ ਤਿਆਰ ਰਹਿਣ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। ਆਮ ਐਲਰਜਨਾਂ ਬਾਰੇ ਸਾਧਨਾਂ ਲਈ, ਵੇਖੋ:

- ਕੈਨੇਡਾ ਸਰਕਾਰ: ਭੋਜਨ ਸੰਬੰਧੀ ਐਲਰਜੀ ਪੈਦਾ ਕਰਨ ਵਾਲੇ ਆਮ ਤੱਤ (ਐਲਰਜਨ)
- ਕੈਨੇਡਾ ਸਰਕਾਰ: ਭੋਜਨ ਵਿੱਚ ਆਮ ਐਲਰਜਨਾਂ ਤੋਂ ਬਚਣ ਲਈ ਸੁਝਾਅ

**ਕੈਨੇਡੀਅਨ ਸੋਸਾਇਟੀ ਆਫ਼ ਐਲਰਜੀ ਐਂਡ ਕਲੀਨਿਕਲ ਇਮਯੂਨੋਲੋਜੀ**

ਕੈਨੇਡੀਅਨ ਸੋਸਾਇਟੀ ਆਫ਼ ਐਲਰਜੀ ਐਂਡ ਕਲੀਨਿਕਲ ਇਮਯੂਨੋਲੋਜੀ ਐਲਰਜੀ ਅਤੇ ਕਲੀਨਿਕਲ ਇਮਯੂਨੋਲੋਜੀ ਖੋਜ ਦਾ ਸਮਰਥਨ ਕਰਦੀ ਹੈ। ਸੁਸਾਇਟੀ ਵਿਦਿਆਰਥੀਆਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਆਮ ਐਲਰਜੀਆਂ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ। ਤੁਹਾਨੂੰ ਵਿਅਕਤੀਆਂ, ਸਕੂਲਾਂ ਅਤੇ ਸੰਸਥਾਵਾਂ ਨੂੰ ਪ੍ਰਭਾਵਸ਼ਾਲੀ ਪ੍ਰਬੰਧਨ ਰਣਨੀਤੀਆਂ ਵਿਕਸਿਤ ਕਰਨ ਵਿੱਚ ਮਦਦ ਕਰਨ ਲਈ ਨਮੂਨਾ ਨੀਤੀਆਂ ਅਤੇ ਐਮਰਜੈਂਸੀ ਯੋਜਨਾਵਾਂ ਮਿਲਣਗੀਆਂ:

- ਮਰੀਜ਼ ਅਤੇ ਸਕੂਲ ਸਾਧਨ

ਗੰਭੀਰ ਐਲਰਜਿਕ ਪ੍ਰਤੀਕਿਰਿਆ ਸਿਹਤ ਫੀਚਰ ਵਿੱਚ ਪ੍ਰਦਾਨ ਕੀਤੀ ਗਈ ਜਾਣਕਾਰੀ ਐਨਾਫਲੈਕਸਿਸ ਇਨ ਸਕੂਲਜ਼ ਅਤੇ ਅਦਰ ਸੈਟਿੰਗਜ਼ ਕਾਪੀਰਾਈਟ 2005-2016 ਕੈਨੇਡੀਅਨ ਸੋਸਾਇਟੀ ਆਫ਼ ਐਲਰਜੀ ਐਂਡ ਕਲੀਨਿਕਲ ਇਮਯੂਨੋਲੋਜੀ ਤੋਂ ਅਨਕੂਲ ਬਣਾਈ ਗਈ ਹੈ।